(ਵੈੱਬਸਾਈਟ ਰਾਹੀਂ)

**ਪੰਜਾਬ ਸਰਕਾਰ**

**ਸਿੱਖਿਆ ਵਿਭਾਗ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)
ਅਤੇ ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: 13/1-2020/SSA/MIS/76147
ਮਿਤੀ: 02-03-2020

**ਵਿਸ਼ਾ:- ਆਨ-ਲਾਈਨ ਛੁੱਟੀਆਂ ਅਪਲਾਈ ਕਰਨ ਸਬੰਧੀ ਸਪੱਸ਼ਟੀਕਰਨ।**

1.0 ਸਕੂਲ ਸਿੱਖਿਆ ਵਿਭਾਗ ਵੱਲੋਂ ਆਪਣੇ ਅਧਿਕਾਰੀਆਂ/ਕਰਮਚਾਰੀਆਂ/ਅਧਿਆਪਕਾਂ ਦੀ ਸਹੂਲਤ ਲਈ ਆਨ-ਲਾਈਨ ਛੁੱਟੀਆਂ ਆਪਲਾਈ ਕਰਨ ਦੀ ਸੁਵਿਧਾ ਦਿੱਤੀ ਗਈ ਹੈ। ਇਹ ਆਨ-ਲਾਈਨ ਸਿਸਟਮ ਪਿਛਲੇ ਕਈ ਮਹੀਨਿਆਂ ਤੋਂ ਸਫਲਤਾਪੂਰਵਕ ਢੰਗ ਨਾਲ ਚੱਲ ਰਿਹਾ ਹੈ। ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਅਧਿਆਪਕ ਹਾਲੇ ਵੀ ਪਹਿਲਾਂ ਆਪਣੀ ਛੁੱਟੀ ਲਿਖ ਕੇ ਡੀ.ਡੀ.ਓਜ਼. ਤੋਂ ਪ੍ਰਵਾਨ ਕਰਵਾਉਂਦੇ ਹਨ ਅਤੇ ਉਸ ਉਪਰੰਤ ਹਾਰਡ ਕਾਪੀ ਨੂੰ ਸਕੈਨ ਕਰਕੇ ਸਿਸਟਮ ਵਿੱਚ ਅੱਪਲੋਡ ਕਰਦੇ ਹਨ ਜੋ ਕਿ ਸਹੀ ਨਹੀਂ ਹੈ।

2.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਆਨ-ਲਾਈਨ ਪ੍ਰਕਿਰਿਆ ਅਧੀਨ ਕਿਸੇ ਵੀ ਕਿਸਮ ਦੀ ਛੁੱਟੀ ਲਿਖ ਕੇ ਡੀ.ਡੀ.ਓਜ਼. ਜਾਂ ਕਿਸੇ ਹੋਰ ਅਧਿਕਾਰੀ ਤੋਂ ਪ੍ਰਵਾਨ ਕਰਵਾਉਣ ਦੀ ਜਰੂਰਤ ਨਹੀਂ ਹੈ, ਬਲਕਿ ਹਰੇਕ ਅਧਿਕਾਰੀ/ਕਰਮਚਾਰੀ/ਅਧਿਆਪਕ ਵੱਲੋਂ ਆਪਣੀ ਛੁੱਟੀ ਆਨ-ਲਾਈਨ ਹੀ ਅਪਲਾਈ ਕੀਤੀ ਜਾਵੇਗੀ ਅਤੇ ਸਬੰਧਤ ਡੀ.ਡੀ.ਓ. ਵੱਲੋਂ ਵੀ ਇਹ ਛੁੱਟੀ ਆਨ-ਲਾਈਨ ਹੀ ਉੱਚ ਅਧਿਕਾਰੀਆਂ ਨੂੰ ਪ੍ਰਵਾਨਗੀ ਹਿੱਤ ਫਾਰਵਰਡ ਕੀਤੀ ਜਾਵੇਗੀ ਅਤੇ ਅਗਲੇਰੀ ਕਾਰਵਾਈ ਆਨ-ਲਾਈਨ ਹੀ ਮੁਕੰਮਲ ਕੀਤੀ ਜਾਵੇਗੀ।

**ਸਕੱਤਰ ਸਕੂਲ ਸਿੱਖਿਆ**